Alberta

# ਨਿਊਜ਼ ਰਿਲੀਜ਼

# ਸੰਭਾਵੀ ਯੂ ਐੱਸ ਟੈਰਿਫਾਂ ਬਾਰੇ ਅੱਪਡੇਟ: ਪ੍ਰੀਮੀਅਰ ਡੈਨੀਅਲ ਸਮਿੱਥ

20 ਜਨਵਰੀ, 2025 ਮੀਡੀਆ ਇੰਨਕੁਆਰੀਆਂ

## ਐਲਬਰਟਾ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਯੂ ਐੱਸ ਟੈਰਿਫ ਰਾਹਤ ਦਾ ਸਵਾਗਤ ਕਰਦਿਆਂ ਅਤੇ ਰਣਨੀਤਕ ਕਾਰਵਾਈ ਵਾਸਤੇ ਬੁਲਾਵਾ ਦਿੰਦਿਆਂ ਹੇਠ ਲਿਖਿਆ ਬਿਆਨ ਜਾਰੀ ਕੀਤਾ:

"ਐਲਬਰਟਾ ਇਹ ਵੇਖਦਿਆਂ ਖੁਸ਼ੀ ਦਾ ਇਜ਼ਹਾਰ ਕਰਦਾ ਹੈ ਕਿ ਅੱਜ ਪ੍ਰੈਜ਼ੀਡੈਂਟ ਡੋਨਾਲਡ ਟਰੰਪ ਨੇ ਇਸ ਵੇਲੇ ਕੈਨੇਡੀਅਨ ਵਸਤਾਂ ਉੱਪਰ ਟੈਰਿਫ ਠੋਸਣ ਤੋਂ ਪ੍ਰਹੇਜ਼ ਕਰਨ ਦਾ ਫੈਸਲਾ ਕੀਤਾ ਹੈ, ਜਦ ਕਿ ਉਹ ਇਸ ਮੁੱਦੇ ਦਾ ਅਗਾਂਹ ਅਧਿਐਨ ਕਰਦੇ ਹਨ।

"ਅਸੀਂ ਸੰਕੇਤਕ ਰੂਪ 'ਚ ਇਹ ਪ੍ਰਵਾਨ ਕਰ ਲੈਣ ਦੀ ਸਹਾਰਨਾਂ ਕਰਦੇ ਹਾਂ ਕਿ ਇਹ ਇਕ ਗੁੰਝਲਦਾਰ ਅਤੇ ਸੰਵੇਦਨਸ਼ੀਲ ਮਾਮਲਾ ਹੈ ਜਿਸ ਦੀਆਂ ਸਾਡੀਆਂ ਮਾਰਕੀਟਾਂ ਦੇ ਏਕੀਕਰਨ ਦੇ ਹੁੰਦਿਆਂ ਹੋਇਆਂ ਅਤੇ ਨਾਲ ਹੀ ਸਾਡੀ ਊਰਜਾ ਅਤੇ ਸੁਰੱਖਿਆ ਦੀ ਮਹੱਤਵਪੂਰਨ ਭਾਈਵਾਲੀ ਦੇ ਹੁੰਦਿਆਂ ਹੋਇਆਂ ਅਮਰੀਕਨ ਅਤੇ ਕੈਨੇਡੀਅਨ ਵਰਕਰਾਂ, ਬਿਜ਼ਨਸਾਂ ਅਤੇ ਖਪਤਕਾਰਾਂ ਵਾਸਤੇ ਗੰਭੀਰ ਉਲਝਣਾਂ ਹਨ।

"ਟੈਰਿਫਾਂ ਨੂੰ ਟਾਲਣ ਨਾਲ ਹਰੇਕ ਸੈਕਟਰ ਵਿਚ ਸੈਂਕੜੇ ਹਜ਼ਾਰਾਂ ਕੈਨੇਡੀਅਨ ਅਤੇ ਅਮਰੀਕਨ ਨੌਕਰੀਆਂ ਦਾ ਬਚਾਅ ਹੋਵੇਗਾ। ਇਕ ਮਿਸਾਲ ਵਜੋਂ, ਕੈਨੇਡੀਅਨ ਊਰਜਾ ਉੱਪਰ ਯੂ ਐੱਸ ਟੈਰਿਫ ਲਾਉਣ ਤੋਂ ਰੋਕਣ ਨਾਲ ਨਾਲ ਦਰਜਨਾਂ ਯੂ ਐੱਸ ਰੀਫਾਈਨਰੀਆਂ ਅਤੇ ਫੈਸਿਲਿਟੀਆਂ, ਜਿਹੜੀਆਂ ਐਲਬਰਟਾ ਦੇ ਕੱਚੇ ਤੇਲ ਨੂੰ ਅੱਪਗਰੇਡ ਕਰਦੀਆਂ ਹਨ, ਦਾ ਚਲਦੀਆਂ ਰਹਿਣਾ ਬਣਿਆ ਰਹੇਗਾ ਅਤੇ ਉਨ੍ਹਾਂ 'ਚ ਨੌਕਰੀਆਂ ਕਰਦੇ ਹਜ਼ਾਰਾਂ ਅਮਰੀਕਨ ਲੋਕਾਂ ਦੀਆਂ ਨੌਕਰੀਆਂ ਬਣੀਆਂ ਰਹਿਣਗੀਆਂ।

"ਅੱਜ ਦੀ ਆਸ਼ਾਮਈ ਖਬਰ ਦੇ ਬਾਵਜੂਦ, ਯੂ ਐੱਸ ਟੈਰਿਫ ਦਾ ਖਤਰਾ ਅਜੇ ਵੀ ਬੜਾ ਯਥਾਰਥਕ ਹੈ। ਇਕ ਮੁਲਕ ਵਜੋਂ, ਯੂਨਾਈਟਡ ਸਟੇਟਸ ਨਾਲ ਆਪਣੀ ਆਰਥਿਕ ਅਤੇ ਸੁਰੱਖਿਆ ਭਾਈਵਾਲੀ ਨੂੰ ਬਣਿਆਂ ਰੱਖਣ ਅਤੇ ਮਜ਼ਬੂਤ ਕਰਨ ਲਈ, ਅਤੇ ਭਵਿੱਖ 'ਚ ਟੈਰਿਫਾਂ ਦੇ ਠੋਸੇ ਜਾਣ ਨੂੰ ਟਾਲਣ ਲਈ ਸਾਨੂੰ ਝਟਪਟ ਹੇਠ ਲਿਖੇ ਕਦਮ ਉਠਾਉਣ ਦੀ ਜ਼ਰੂਰਤ ਹੈ:

1. ਡਿਪਲੋਮੇਸੀ ਉਪਰ ਫੋਕਸ ਕਰਨਾਂ ਅਤੇ ਨਿਰਯਾਤ ਟੈਰਿਫਾਂ ਜਾਂ ਯੂ ਐੱਸ ਨੂੰ ਊਰਜਾ ਬੰਦ ਕਰਨ ਸਮੇਤ ਬਦਲਾ-ਲਊ ਢੰਗ-ਤਰੀਕਿਆਂ ਬਾਰੇ ਅਗਾਂਹ ਗੱਲਾਂ ਕਰਨ ਤੋਂ ਗੁਰੇਜ਼ ਕਰਨਾਂ ਚਾਹੀਦਾ ਹੈ। ਪ੍ਰੈਜ਼ੀਡੈਂਟ ਅਤੇ ਨਾਲ ਦੀ ਨਾਲ ਦਰਜਨਾਂ ਗਵਰਨਰਾਂ, ਸੈਨੇਟਰਾਂ, ਕਾਂਗਰਸ ਮੈਂਬਰਾਂ ਅਤੇ ਆਉਣ ਵਾਲੇ ਪ੍ਰਸਾਸ਼ਨ ਦੇ ਸਹਿਯੋਗੀਆਂ ਨਾਲ ਗੱਲ ਕਰਨ ਉਪਰੰਤ, ਮੈਨੂੰ ਯਕੀਨ ਹੋ ਗਿਆ ਹੈ ਕਿ ਆਪਣੇ ਯੂ ਐੱਸ ਸਹਿਯੋਗੀਆਂ ਨਾਲ ਸਾਕਾਰਾਤਮਕ ਹੱਲ ਦਾ ਰਸਤਾ, ਤਕੜੀ ਅਤੇ ਲਗਾਤਾਰ ਡਿਪਲੋਮੇਸੀ ਅਤੇ ਆਪਣੀਆਂ ਸਾਂਝੀਆਂ ਤਰਜੀਹਾਂ ਵੱਲ ਨੇਕ ਨੀਤ ਨਾਲ ਕੰਮ ਕਰਨਾਂ ਹੀ ਹੈ। ਅੱਜ ਦੀ ਖਬਰ ਦਾ ਸਭ ਤੋਂ ਬੁਰਾ ਸੰਭਾਵੀ ਜਵਾਬ ਫੈਡਰਲ ਸਰਕਾਰ ਜਾਂ ਪ੍ਰੀਮੀਅਰਾਂ ਵੱਲੋਂ ਇਸ ਨੂੰ "ਜਿੱਤ" ਐਲਾਨਣਾਂ ਜਾਂ ਯੂਨਾਈਟਡ ਸਟੇਟਸ ਵਿਰੁੱਧ ਬੇਲੋੜੀਆਂ ਧਮਕੀਆਂ ਨਾਲ ਤਣਾਉ ਨੂੰ ਹੋਰ ਵਧਾਉਣਾ ਹੋਵੇਗਾ।

Classification: Public

2. ਕੈਨੇਡਾ ਦੇ ਲੋਕ ਅਤੇ ਅਮਰੀਕਾ ਦੇ ਲੋਕ ਇਕ ਦੂਜੇ ਤੋਂ ਕੀ ਖਰੀਦਦੇ ਹਨ, ਉਸਨੂੰ ਵਧਾਉਣ ਲਈ ਢੰਗ ਤਰੀਕਿਆਂ ਬਾਰੇ ਗੱਲਬਾਤ ਕਰਨੀ ਚਾਹੀਦੀ ਹੈ। ਇਕ ਮਿਸਾਲ ਵਜੋਂ, ਯੂਨਾਈਟਡ ਸਟੇਟਸ ਵੱਲੋਂ ਕੈਨੇਡਾ ਕੋਲੋਂ ਵਧੇਰੇ ਤੇਲ, ਲੱਕੜੀ ਅਤੇ ਖੇਤੀਬਾੜੀ ਉਤਪਾਦਨ ਖਰੀਦਣ ਬਾਰੇ ਵੇਖਿਆ ਜਾਣਾ ਚਾਹੀਦਾ ਹੈ, ਜਦੋਂ ਕਿ ਕੈਨੇਡਾ ਨੂੰ ਵਧੇਰੇ ਅਮਰੀਕਨ ਗੈਸ ਟ੍ਰਬਾਈਨਾਂ, ਮਿਲਟਰੀ ਸਾਜ਼-ਸਮਾਨ ਅਤੇ ਆਪਣੇ ਪ੍ਰਫੁੱਲਤ ਹੋ ਰਹੇ ਏ ਆਈ ਡੈਟਾ ਸੈਂਟਰ ਸੈਕਟਰ ਲਈ ਲੋੜੀਂਦੇ ਵਧੇਰੇ ਕੰਪਿਊਟਰ ਸਾਫਟਵੇਅਰ ਖਰੀਦਣ ਬਾਰੇ ਸੋਚਣਾ ਚਾਹੀਦਾ ਹੈ। ਦੋਹਾਂ ਦਿਸ਼ਾਵਾਂ 'ਚ ਵਪਾਰ ਵਧਾਉਣ ਲਈ ਢੰਗ ਤਰੀਕੇ ਲੱਭਣਾ ਦੋਵਾਂ ਮੁਲਕਾਂ ਲਈ ਜਿੱਤ-ਜਿੱਤ ਸਥਿਤੀ ਦੀ ਪ੍ਰਾਪਤੀ ਲਈ ਮਹੱਤਵਪੂਰਨ ਹੈ।

3. ਬਾਰਡਰ ਸੁਰੱਖਿਆ ਨੂੰ ਦੁੱਗਣਾ ਕਰਨਾਂ ਚਾਹੀਦਾ ਹੈ। ਅਗਲੇ ਮਹੀਨੇ ਦੇ ਵਿਚ ਵਿਚ ਬਾਰਡਰ ਨਾਲ ਲੱਗਦੇ ਸਾਰੇ ਸੂਬਿਆਂ ਨੂੰ ਜਾਂ ਤਾਂ ਆਪਣੇ ਤੌਰ 'ਤੇ ਜਾਂ ਫਿਰ ਫੈਡਰਲ ਸਰਕਾਰ ਦੀ ਭਾਈਵਾਲੀ ਨਾਲ, ਆਪਣੇ ਸਾਂਝੇ ਬਾਰਡਰਾਂ ਨੂੰ ਗੈਰ-ਕਾਨੂੰਨੀ ਡਰੱਗ ਅਤੇ ਪ੍ਰਵਾਸ ਤੋਂ ਸੁਰੱਖਿਅਤ ਕਰਨ ਲਈ ਜ਼ਰੂਰੀ ਸਰੋਤ ਲਗਾਉਣੇ ਚਾਹੀਦੇ ਹਨ।

4. ਕੈਨੇਡਾ ਦੀ ਜੀ ਡੀ ਪੀ ਦੇ 2 ਪ੍ਰਤੀਸ਼ਤ ਦੇ ਨੈਟੋ ਨਿਸ਼ਾਨੇ ਵਾਸਤੇ ਤੇਜ਼ ਗਤੀ ਦਾ ਐਲਾਨ ਕੀਤਾ ਜਾਵੇ। ਇਹ ਸਪੱਸ਼ਟ ਤੌਰ 'ਤੇ ਇਕ ਸਾਂਝੀ ਤਰਜ਼ੀਹ ਹੈ ਜਿਹੜੀ ਸਾਡੇ ਦੋਹਾਂ ਰਾਸ਼ਟਰਾਂ ਦੇ ਫਾਇਦਿਆਂ ਵਾਸਤੇ ਹੈ। ਇਸ 'ਚ ਹੋਰ ਦੇਰੀ ਕਰਨ ਦਾ ਕੋਈ ਬਹਾਨਾਂ ਨਹੀਂ ਹੈ।

5. ਇੰਮੀਗਰੇਸ਼ਨ ਦੇ ਉਨ੍ਹਾਂ ਸਟ੍ਰੀਮਾਂ ਅਤੇ ਚੋਰ-ਮੋਰੀਆਂ ਦੀ ਨਕੇਲ ਕੱਸੀ ਜਾਵੇ ਜਿਹੜੀਆਂ ਕੈਨੇਡਾ ਅਤੇ ਯੂਨਾਈਟਿਡ ਸਟੇਟਸ ਦੇ ਦੁਸ਼ਮਣ ਵਿਅਕਤੀਆਂ ਨੂੰ ਸਾਡੇ ਮੁਲਕ 'ਚ ਵੜਨ ਦੀ ਇਜਾਜ਼ਤ ਦੇਣ ਵਜੋਂ ਜਾਣੀਆਂ ਜਾਂਦੀਆਂ ਹਨ, ਅਤੇ ਇੰਮੀਗਰੇਸ਼ਨ ਦੇ ਪੱਧਰ ਅਤੇ ਨਿਯਮਾਂ ਨੂੰ ਮੁੜ ਉਸ ਥਾਂ ਲਿਆਂਦਾ ਜਾਵੇ ਜਿੱਥੇ ਉਹ ਭੂਤਪੂਰਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਤਹਿਤ ਹੁੰਦਿਆਂ ਹੋਇਆਂ ਸਨ।

6. ਊਰਜਾ ਵਿਰੋਧੀ ਸਾਰੀਆਂ ਫੈਡਰਲ ਪਾਲਿਸੀਆਂ (ਉਤਪਾਦਨ ਹੱਦ, ਸਵੱਛ ਬਿਜਲੀ ਰੈਗੂਲੇਸ਼ਨ, *ਇੰਮਪੈਕਟ ਅਸੈੱਸਮੈਂਟ ਐਕਟ* {ਬਿੱਲ ਸੀ-69}) ਨੂੰ ਰੱਦ ਕੀਤਾ ਜਾਵੇ ਅਤੇ ਨਾਰਦਰਨ ਗੇਟਵੇਅ, ਤੇ ਐਨਰਜੀ ਫਾਸਟ ਪ੍ਰਾਜੈਕਟਾਂ ਨੂੰ ਪੂਰਵ-ਮਨਜ਼ੂਰੀ ਦੇਣ ਦੇ ਅਮਲ ਨੂੰ ਤੇਜ਼ ਕੀਤਾ ਜਾਵੇ।”